

# ਕੀ ਤੁਹਾਡੀ ਉਮਰ 18 ਅਤੇ 65 ਸਾਲ ਦੇ ਵਿਚਕਾਰ ਹੈ ਜਾਂ ਪੀਲ (Peel) ਵਿੱਚ ਓਨਟੈਰੀਓ ਵਰਕਸ (Ontario Works) ਪ੍ਰਾਪਤ ਕੀਤਾ ਹੈ?

## ਜੇਕਰ ਹਾਂ, ਤਾਂ ਪੀਲ ਪੋਵਰਟੀ ਰਿਡਕਸ਼ਨ ਕਮੇਟੀ (Peel Poverty Reduction Committee) ਤੁਹਾਡੀ ਰਾਇ ਜਾਣਨਾ ਚਾਹੁੰਦੀ ਹੈ।

ਸੋਸ਼ਲ ਅਸਿਸਟੈਂਸ (Social Assistance) (ਓਨਟੈਰੀਓ ਵਰਕਸ) ਦੇ ਰੇਟ 2018 ਤੋਂ ਵਧੇ ਨਹੀਂ ਹਨ। ਇਸ ਸਮੇਂ ਵਿੱਚ, ਪੀਲ ਵਿੱਚ ਰਹਿਣ-ਸਹਿਣ ਦੇ ਖਰਚੇ ਕਾਫੀ ਵਧ ਚੁੱਕੇ ਹਨ, ਜਿਸ ਕਾਰਨ ਕਈ ਵਸਨੀਕਾਂ ਨੂੰ ਆਪਣੀਆਂ ਰੋਜ਼ਾਨਾ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਵਿੱਚ ਸੰਘਰਸ਼ ਕਰਨਾ ਪੈ ਰਿਹਾ ਹੈ।।

ਪੀਲ ਪੋਵਰਟੀ ਰਿਡਕਸ਼ਨ ਕਮੇਟੀ ਨੇ ਪੀਲ ਵਿੱਚ ਘੱਟ-ਆਮਦਨ ਵਾਲੇ ਵਸਨੀਕਾਂ ਲਈ ਓਨਟੈਰੀਓ ਵਰਕਸ (ਓ.ਡਬਲਯੂ.) ਦੇ ਮੌਜੂਦਾ ਰੇਟਸ ਘੱਟ ਹੋਣ ਬਾਰੇ ਜਾਗਰੂਕਤਾ ਫੈਲਾਉਣ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਹੈ। ਸਾਡਾ ਟੀਚਾ, ਘੱਟ-ਰੇਟਸ ਦੇ ਪ੍ਰਭਾਵ ਨੂੰ ਉਜਾਗਰ ਕਰਨਾ ਅਤੇ ਫੈਸਲੇ ਕਰਨ ਵਾਲਿਆਂ ਨੂੰ ਕਾਰਵਾਈ ਕਰਨ ਦੀ ਬੇਨਤੀ ਕਰਨਾ ਹੈ।

## ਤੁਸੀਂ ਕਿਵੇਂ ਮਦਦ ਕਰ ਸਕਦੇ ਹੋ?

ਹੇਠਾਂ ਦਿੱਤੇ ਸਵਾਲਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਦੇਣ ਲਈ, **poverty@peelregion.ca** ਤੇ ਇੱਕ 30-ਸਕਿੰਟ ਦਾ ਵੀਡੀਓ, ਫੋਟੋ ਜਾਂ ਲਿਖਤੀ ਜਵਾਬ ਭੇਜੋ। ਤੁਹਾਡਾ ਜਮ੍ਹਾਂ ਕੀਤਾ ਜਵਾਬ, ਸਾਨੂੰ ਮੌਜੂਦਾ ਓ.ਡਬਲਯੂ. (OW) ਰੇਟਸ ਤੇ ਰਹਿਣ-ਸਹਿਣ ਦੇ ਅਸਲੀ ਪ੍ਰਭਾਵ ਨੂੰ ਦਿਖਾਉਣ ਵਿੱਚ ਮਦਦ ਕਰੇਗਾ।

## ਸਵਾਲ

- ਤੁਸੀਂ ਓ.ਡਬਲਯੂ. ਤੋਂ ਪ੍ਰਾਪਤ ਹੋਣ ਵਾਲੀ ਰਕਮ ਨੂੰ ਕਿਵੇਂ ਸੰਭਾਲ ਰਹੇ ਹੋ?
- ਓ.ਡਬਲਯੂ. ਤੇ ਕਿਸੇ ਵਿਅਕਤੀ ਜਾਂ ਪਰਿਵਾਰ ਦਾ ਹੋਣਾ ਕਿਹੋ ਜਿਹਾ ਹੈ?

**ਕਿਰਪਾ ਕਰਕੇ ਧਿਆਨ ਦਿਓ ਕਿ ਇਸ ਮੁਹਿੰਮ ਵਿੱਚ ਤੁਹਾਡੀ ਭਾਗੀਦਾਰੀ ਸਵੈਇੱਛਿਤ ਹੈ। ਜੇਕਰ ਚੁਣਿਆ ਜਾਂਦਾ ਹੈ, ਤਾਂ ਤੁਹਾਨੂੰ ਮਾਨ ਭੱਤਾ ਮਿਲ ਸਕਦਾ ਹੈ ਅਤੇ ਤੁਹਾਡਾ ਜਮ੍ਹਾਂ ਕੀਤਾ ਜਾਣ ਵਾਲਾ ਜਵਾਬ, ਦਸਤਖ਼ਤ ਕੀਤੇ ਪੀਲ ਰੀਜਨ ਮੀਡੀਆ ਕੰਨਸੈਂਟ ਫਾਰਮ (Peel Region Media Consent Form) ਦੇ ਨਾਲ ਹੋਣਾ ਲਾਜ਼ਮੀ ਹੈ, ਜੋ ਪ੍ਰਦਾਨ ਕੀਤਾ ਜਾਵੇਗਾ।**

HUM-1428 24/11